# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

## 13:40

**ਮਿਤੀ :22-08-2026**

***ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ***

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਏ ਕਿ, ਵਿਸ਼ਵ ਪੱਧਰ 'ਤੇ ਦੇਸ਼ਾਂ ਵਿਚਕਾਰ ਅਵਿਸ਼ਵਾਸ ਤੇ ਨਵੀਆਂ ਚੁਣੌਤੀਆਂ ਦੇ ਬਾਵਜੂਦ, ਭਾਰਤ ਨੂੰ ਵਿਕਾਸ ਤੇ ਉਮੀਦ ਦੀ ਇੱਕ ਵੱਡੀ ਕਿਰਨ ਵਜੋਂ ਦੇਖਿਆ ਜਾ ਰਿਹਾ ਏ।

- ਸਰਕਾਰ ਨੇ ਅੱਜ ਚਾਰ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਕਲੋਰਫੇਨਿਰਾਮਾਈਨ ਮੈਲੇਟ ਅਤੇ Phenyle-phrine Hydro-chloride ਕੰਬੀਨੇਸ਼ਨਾਂ ਵਾਲੀਆਂ ਦਵਾਈਆਂ ਦੇ ਨਿਰਮਾਣ, ਵਿਕਰੀ ਅਤੇ ਵੰਡ 'ਤੇ ਪਾਬੰਦੀ ਲਗਾ ਦਿੱਤੀ ਏ।

- ਭਾਰਤ ਨੇ 22 ਭਾਰਤੀ ਨਾਗਰਿਕਾਂ ਨੂੰ ਲੈ ਕੇ ਜਾ ਰਹੇ ਦੋ ਵਪਾਰਕ ਜਹਾਜ਼ਾਂ ਦੇ ਅਗਵਾ ਹੋਣ ਦਾ ਮੁੱਦਾ ਸੋਮਾਲੀਆ ਦੇ ਅਧਿਕਾਰੀਆਂ ਨਾਲ ਉਠਾਇਆ ਏ।

- ਭਾਰਤ ਅਤੇ ਬਰਤਾਨੀਆ ਨੇ ਦੋਵਾਂ ਦੇਸ਼ਾਂ ਦੀਆਂ ਫੌਜਾਂ ਦਰਮਿਆਨ ਸਹਿਯੋਗ ਵਧਾਉਣ 'ਤੇ ਸਹਿਮਤੀ ਜਤਾਈ ਏ।

- Amstelveen ਵਿੱਚ ਮਰਦਾਂ ਦੇ FIH ਹਾਕੀ ਵਿਸ਼ਵ ਕੱਪ ਦੇ ਦੂਜੇ ਗੇੜ ਵਿੱਚ, ਅੱਜ ਭਾਰਤ ਦਾ ਮੁਕਾਬਲਾ ਮੇਜ਼ਬਾਨ ਨੀਦਰਲੈਂਡਜ਼ ਨਾਲ ਹੋਵੇਗਾ।

## *ਹੁਣ ਖਬਰਾਂ ਵਿਸਥਾਰ ਨਾਲ*

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਏ ਕਿ ਸੁਧਾਰ ਉਨ੍ਹਾਂ ਦੀ ਸਰਕਾਰ ਲਈ ਮਜਬੂਰੀ ਨਹੀਂ, ਸਗੋਂ ਇੱਕ ਵਚਨਬੱਧਤਾ ਨੇ। ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਨੀਤੀਆਂ ਲੋਕਾਂ ਦੇ ਹਿੱਤਾਂ ਅਤੇ ਦੇਸ਼ ਦੇ ਵਿਕਾਸ ਨੂੰ ਧਿਆਨ ਵਿੱਚ ਰੱਖ ਕੇ ਬਣਾਈਆਂ ਜਾ ਰਹੀਆਂ ਨੇ। ਨਵੀਂ ਦਿੱਲੀ ਵਿੱਚ, ਇਕਨਾਮਿਕ ਟਾਈਮਜ਼ ਵਰਲਡ ਲੀਡਰਜ਼ ਫੋਰਮ ਨੂੰ ਸੰਬੋਧਨ ਕਰਦਿਆਂ

ਪ੍ਰਧਾਨ ਮੰਤਰੀ ਨੇ ਕਿਹਾ ਕਿ ਸਰਕਾਰ ਨਾ ਸਿਰਫ਼ ਨਿਯਮਾਂ ਨੂੰ ਬਦਲ ਰਹੀ ਏ, ਸਗੋਂ ਉਨ੍ਹਾਂ ਨੂੰ ਬਣਾਉਣ ਪਿੱਛੇ, ਮਾਨਸਿਕਤਾ ਨੂੰ ਵੀ ਬਦਲ ਰਹੀ ਏ। ਉਨ੍ਹਾਂ ਕਿਹਾ ਕਿ ਭਾਰਤ ਹੁਣ ਉਤਪਾਦਨ ਨਾਲ ਜੁੜੀ ਪ੍ਰੋਤਸਾਹਨ ਯੋਜਨਾ (P.L.I.) ਰਾਹੀਂ ਉਦਯੋਗ ਅਤੇ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕਰ ਰਿਹਾ ਏ।

**BYTE: PM PLI**

ਪ੍ਰਧਾਨ ਮੰਤਰੀ ਨੇ ਕਿਹਾ ਕਿ ਵਿਸ਼ਵ ਪੱਧਰ 'ਤੇ ਸਰੋਤਾਂ ਨੂੰ ਲੈ ਕੇ ਵਧ ਰਿਹਾ ਤਣਾਅ ਅਤੇ ਦੇਸ਼ਾਂ ਵਿਚਕਾਰ ਅਵਿਸ਼ਵਾਸ, ਨਵੀਆਂ ਚੁਣੌਤੀਆਂ ਪੈਦਾ ਕਰ ਰਿਹਾ ਏ। ਇਸ ਦੇ ਬਾਵਜੂਦ, ਭਾਰਤ ਨੂੰ ਦੁਨੀਆ ਵਿੱਚ ਵਿਕਾਸ ਅਤੇ ਉਮੀਦ ਦੀ ਇੱਕ ਵੱਡੀ ਕਿਰਨ ਵਜੋਂ ਦੇਖਿਆ ਜਾਂਦਾ ਏ।

**BYTE: PM ON GROWTH & HOPE**

ਉਨ੍ਹਾਂ ਕਿਹਾ ਕਿ ਅੰਤਰਰਾਸ਼ਟਰੀ ਮੁਦਰਾ ਫੰਡ, IMF ਅਨੁਸਾਰ, ਭਾਰਤ ਦੁਨੀਆ ਦੀ ਸਭ ਤੋਂ ਤੇਜ਼ੀ ਨਾਲ ਵਧ ਰਹੀ ਪ੍ਰਮੁੱਖ ਅਰਥਵਿਵਸਥਾ ਬਣਿਆ ਰਹੇਗਾ।

ਭਾਰਤ ਦੀ ਜੀ-20 ਪ੍ਰਧਾਨਗੀ ਦੇ ਮੰਤਰ, "ਇੱਕ ਗ੍ਰਹਿ, ਇੱਕ ਪਰਿਵਾਰ, ਇੱਕ ਭਵਿੱਖ" ਦਾ ਹਵਾਲਾ ਦਿੰਦੇ ਹੋਏ, ਪ੍ਰਧਾਨ ਮੰਤਰੀ ਨੇ ਕਿਹਾ ਕਿ, ਦੁਨੀਆ ਦੇ ਸਾਰੇ ਦੇਸ਼ਾਂ ਦਾ ਭਵਿੱਖ ਆਪਸ ਵਿੱਚ ਜੁੜਿਆ ਹੋਇਆ ਏ।

**BYTE: PM ON ONE FAMILY ONE FUTURE**

ਉਨ੍ਹਾਂ ਨੇ ਡਿਜੀਟਲ ਖੇਤਰ ਵਿੱਚ ਭਾਰਤ ਦੀ ਪ੍ਰਗਤੀ ਅਤੇ ਇਸ ਦੇ ਤੇਜ਼ 5G ਵਿਸਥਾਰ ਦਾ ਵੀ ਜ਼ਿਕਰ ਕੀਤਾ।

---------------------------------------------------------------

ਸਰਕਾਰ ਨੇ ਅੱਜ ਚਾਰ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਕਲੋਰਫੇਨਿਰਾਮਾਈਨ ਮੈਲੇਟ ਅਤੇ Phenyle-phrine Hydrochloride ਵਾਲੇ ਸਾਰੇ ਫਿਕਸਡ ਡੋਜ਼ ਕੰਬੀਨੇਸ਼ਨਾਂ ਦੇ ਨਿਰਮਾਣ, ਵਿਕਰੀ ਅਤੇ ਵੰਡ 'ਤੇ ਪਾਬੰਦੀ ਲਗਾ ਦਿੱਤੀ ਏ। ਸਿਹਤ ਮੰਤਰਾਲੇ ਨੇ ਇੱਕ ਨੋਟੀਫਿਕੇਸ਼ਨ ਰਾਹੀਂ, ਇਨ੍ਹਾਂ ਦਵਾਈਆਂ ਬਾਰੇ ਸਪੱਸ਼ਟ ਚੇਤਾਵਨੀ ਦਿੱਤੀ ਏ ਕਿ, ਇਹ ਦਵਾਈਆਂ ਚਾਰ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਨਹੀਂ ਦਿੱਤੀਆਂ ਜਾ ਸਕਦੀਆਂ। ਇਹ ਕਦਮ ਛੋਟੇ ਬੱਚਿਆਂ ਦੀ ਸਿਹਤ ਅਤੇ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਚੁੱਕਿਆ ਗਿਆ ਏ।

ਸਰਕਾਰ ਨੇ ਨਿਰਮਾਤਾਵਾਂ ਨੂੰ, ਇਨ੍ਹਾਂ ਦਵਾਈਆਂ ਦੇ ਲੇਬਲਾਂ, ਪੈਕੇਜ ਨਿਰਦੇਸ਼ਾਂ ਅਤੇ ਪ੍ਰਚਾਰ ਸਮੱਗਰੀ 'ਤੇ ਸਪੱਸ਼ਟ ਤੌਰ 'ਤੇ ਚੇਤਾਵਨੀ ਦੇਣ ਦੇ ਨਿਰਦੇਸ਼ ਦਿੱਤੇ ਨੇ। ਸਰਕਾਰ ਨੇ ਕਿਹਾ ਏ ਕਿ, ਇਹ ਦਵਾਈਆਂ ਚਾਰ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਜੋਖਮ ਪੈਦਾ ਕਰਦਿਆਂ ਨੇ ਅਤੇ ਸੁਰੱਖਿਅਤ ਵਿਕਲਪ ਉਪਲਬਧ ਨੇ।

---------------------------------------------------

ਝਾਰਖੰਡ ਦੇ ਰਾਮਗੜ੍ਹ ਜ਼ਿਲ੍ਹੇ ਦੇ ਮਾਂ ਛਿੰਨਮਸਤਿਕਾ ਸੀਮੈਂਟ ਅਤੇ ਸਟੀਲ ਪਾਵਰ ਪਲਾਂਟ ਵਿੱਚ ਬੀਤੀ ਰਾਤ ਇੱਕ ਟਰਬਾਈਨ ਵਿੱਚ ਜ਼ੋਰਦਾਰ ਧਮਾਕੇ ਤੋਂ ਬਾਅਦ ਭਿਆਨਕ ਅੱਗ ਲੱਗ ਗਈ। ਇਸ ਹਾਦਸੇ ਵਿੱਚ, 3 ਇੰਜੀਨੀਅਰਾਂ ਦੀ ਮੌਤ ਹੋ ਗਈ, ਜਦੋਂ ਕਿ ਇੱਕ ਵਿਅਕਤੀ ਗੰਭੀਰ ਜ਼ਖਮੀ ਹੋ ਗਿਆ। ਮ੍ਰਿਤਕਾਂ ਦੀ ਪਛਾਣ ਰਾਂਚੀ ਦੇ ਸੰਜੀਵ ਕੁਮਾਰ ਕੇਸਰੀ, ਬੋਕਾਰੋ ਦੇ ਵਿਨੀਤ ਮਹਤੋ ਅਤੇ ਗੜ੍ਹਵਾ ਦੇ ਅਭਿਸ਼ੇਕ ਪਾਂਡੇ ਵਜੋਂ ਹੋਈ ਏ।

---------------------------------------------------

ਭਾਰਤ ਨੇ 22 ਭਾਰਤੀ ਨਾਗਰਿਕਾਂ ਨੂੰ ਲੈ ਕੇ ਜਾ ਰਹੇ ਦੋ ਵਪਾਰਕ ਜਹਾਜ਼ਾਂ ਦੇ ਅਗਵਾ ਹੋਣ ਦਾ ਮੁੱਦਾ ਸੋਮਾਲੀਆ ਦੇ ਅਧਿਕਾਰੀਆਂ ਸਾਹਮਣੇ ਉਠਾਇਆ ਏ। ਭਾਰਤੀ ਹਾਈ ਕਮਿਸ਼ਨ ਅਨੁਸਾਰ, ਸਾਰੇ ਭਾਰਤੀ ਨਾਗਰਿਕ ਸੁਰੱਖਿਅਤ ਦੱਸੇ ਜਾ ਰਹੇ ਨੇ। ਭਾਰਤ ਨੇ ਕਿਹਾ ਹੈ ਕਿ ਉਹ ਆਪਣੇ ਨਾਗਰਿਕਾਂ ਦੀ ਸੁਰੱਖਿਆ ਅਤੇ ਭਲਾਈ ਨੂੰ ਸਭ ਤੋਂ ਵੱਧ ਮਹੱਤਵ ਦਿੰਦਾ ਏ। ਪਹਿਲਾ ਜਹਾਜ਼, MT ਸਿਬੂ, 20 ਅਗਸਤ ਨੂੰ ਯਮਨ ਦੇ ਤੱਟ ਤੋਂ ਅਦਨ ਦੀ ਖਾੜੀ ਵਿੱਚ ਅਗਵਾ ਕੀਤਾ ਗਿਆ ਸੀ। ਇਸ ਵਿੱਚ 16 ਭਾਰਤੀ ਨਾਗਰਿਕਾਂ ਸਮੇਤ 20 ਲੋਕ ਸਵਾਰ ਸਨ। ਦੂਜਾ ਜਹਾਜ਼, MV ਲੁਤਫ, 17 ਅਗਸਤ ਨੂੰ ਸੋਮਾਲੀਆ ਦੇ ਪੁੰਟਲੈਂਡ ਤੱਟ ਨੇੜੇ ਅਗਵਾ

ਕੀਤਾ ਗਿਆ ਸੀ, ਜਿਸ 'ਚ 6 ਭਾਰਤੀ ਨਾਗਰਿਕਾਂ ਸਮੇਤ 10 ਲੋਕ ਸਵਾਰ ਸਨ।

ਵਿਦੇਸ਼ ਵਿਭਾਗ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਇਹ ਵੀ ਕਿਹਾ ਏ ਕਿ ਭਾਰਤ ਅਸ਼ਾਂਤ ਸਮੁੰਦਰੀ ਇਲਾਕਿਆਂ ਵਿੱਚ ਕੰਮ ਕਰਨ ਵਾਲੇ ਭਾਰਤੀ ਨਾਗਰਿਕਾਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਤ ਏ।

---------------------------------------------------

ਭਾਰਤ, ਵਿਸ਼ਾਖਾਪਟਨਮ ਵਿੱਚ ਬ੍ਰਿਕਸ ਯੂਥ ਮੰਤਰੀਆਂ ਅਤੇ ਬ੍ਰਿਕਸ ਖੇਡ ਮੰਤਰੀਆਂ ਦੀ ਮੀਟਿੰਗ ਦੀ ਮੇਜ਼ਬਾਨੀ ਕਰ ਰਿਹਾ ਏ। ਬ੍ਰਿਕਸ ਦੇ ਨੌਜਵਾਨ ਮਾਮਲਿਆਂ ਦੇ ਮੰਤਰੀਆਂ ਦੀ ਮੀਟਿੰਗ ਅੱਜ ਹੋਵੇਗੀ, ਜਦੋਂ ਕਿ ਖੇਡ ਮੰਤਰੀਆਂ ਦੀ ਮੀਟਿੰਗ ਕੱਲ੍ਹ ਹੋਵੇਗੀ।

---------------------------------------------------

ਭਾਰਤ ਅਤੇ ਬਰਤਾਨੀਆ ਨੇ ਸਾਂਝੇ ਫੌਜੀ ਅਭਿਆਸਾਂ, ਸਿਖਲਾਈ ਅਤੇ ਹੁਨਰ ਵਾਧੇ ਰਾਹੀਂ, ਦੋਵਾਂ ਦੇਸ਼ਾਂ ਦੀਆਂ ਫੌਜਾਂ ਵਿਚਕਾਰ ਸਹਿਯੋਗ ਵਧਾਉਣ 'ਤੇ ਸਹਿਮਤੀ ਜਤਾਈ ਏ। ਨਵੀਂ ਦਿੱਲੀ ਵਿੱਚ ਹੋਈ ਭਾਰਤ-ਬਰਤਾਨੀਆ ਰੱਖਿਆ ਸਲਾਹਕਾਰ ਸਮੂਹ ਦੀ 25ਵੀਂ ਮੀਟਿੰਗ ਵਿੱਚ, ਦੋਵਾਂ ਦੇਸ਼ਾਂ ਨੇ ਰੱਖਿਆ ਖੇਤਰ ਵਿੱਚ ਚੱਲ ਰਹੇ ਸਹਿਯੋਗ ਦਾ ਜਾਇਜ਼ਾ

ਲਿਆ। ਮੀਟਿੰਗ ਵਿੱਚ, ਰੱਖਿਆ ਖੋਜ ਅਤੇ ਵਿਕਾਸ ਦੇ ਨਾਲ-ਨਾਲ, 2035 ਤੱਕ ਦੀਆਂ ਯੋਜਨਾਵਾਂ 'ਤੇ ਚਰਚਾ ਕੀਤੀ ਗਈ। ਦੋਵਾਂ ਦੇਸ਼ਾਂ ਨੇ ਹਿੰਦ-ਪ੍ਰਸ਼ਾਂਤ ਖੇਤਰ ਵਿੱਚ, ਸਮੁੰਦਰੀ ਸੁਰੱਖਿਆ ਸਹਿਯੋਗ ਵਧਾਉਣ 'ਤੇ ਵੀ ਜ਼ੋਰ ਦਿੱਤਾ। ਦੋਵਾਂ ਧਿਰਾਂ ਨੇ ਖੇਤਰੀ ਸ਼ਾਂਤੀ ਅਤੇ ਸੁਰੱਖਿਆ 'ਤੇ ਵਿਚਾਰ ਸਾਂਝੇ ਕੀਤੇ ਅਤੇ ਆਪਸੀ ਸੁਰੱਖਿਆ ਅਤੇ ਰਣਨੀਤਕ ਖੁਦਮੁਖਤਿਆਰੀ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਈ। ਉਨ੍ਹਾਂ ਕਿਹਾ ਕਿ ਭਾਰਤ-ਬਰਤਾਨੀਆ ਰਣਨੀਤਕ ਭਾਈਵਾਲੀ, ਸ਼ਾਂਤੀ, ਸਥਿਰਤਾ, ਆਜ਼ਾਦੀ ਅਤੇ ਆਪਸੀ ਸਤਿਕਾਰ ਦੀਆਂ ਸਾਂਝੀਆਂ ਕਦਰਾਂ-ਕੀਮਤਾਂ 'ਤੇ ਅਧਾਰਤ ਏ।

---------------------------------------------------------

ਕੈਨੇਡਾ ਦੇ ਅਲਬਰਟਾ ਪ੍ਰਾਂਤ ਵਿੱਚ ਇੱਕ ਗੁਰਦੁਆਰੇ 'ਚ, ਦੋ ਲੋਕਾਂ 'ਤੇ ਚਾਕੂ ਨਾਲ ਹਮਲਾ ਕੀਤਾ ਗਿਆ। ਦੱਸਿਆ ਜਾ ਰਿਹਾ ਏ ਕਿ, ਇੱਕ ਵਿਆਹ ਸਮਾਰੋਹ ਤੋਂ ਪਹਿਲਾਂ, ਸਵੇਰੇ ਪਾਠ ਦੌਰਾਨ, ਇੱਕ ਵਿਅਕਤੀ ਨੇ ਇਹ ਹਮਲਾ ਕੀਤਾ। ਇਹ ਘਟਨਾ ਐਡਮੰਟਨ ਇਲਾਕੇ ਵਿੱਚ ਸਥਿਤ, ਨਾਨਕਸਰ ਗੁਰਦੁਆਰੇ ਵਿੱਚ ਸਵੇਰੇ 5 ਵਜੇ ਵਾਪਰੀ। ਪੁਲਿਸ ਨੇ ਮੌਕੇ 'ਤੇ ਪਹੁੰਚ ਕੇ, ਸ਼ੱਕੀ ਨੂੰ ਗ੍ਰਿਫ਼ਤਾਰ ਕਰ ਲਿਆ। ਜ਼ਖਮੀਆਂ ਦਾ ਇਲਾਜ ਕੀਤਾ ਜਾ ਰਿਹਾ ਏ ਅਤੇ ਉਨ੍ਹਾਂ ਦੀ ਹਾਲਤ ਸਥਿਰ ਏ।

ਕੈਨੇਡਾ ਦੇ ਪ੍ਰਧਾਨ ਮੰਤਰੀ, ਮਾਰਕ ਕਾਰਨੀ ਨੇ ਇਸ ਹਮਲੇ ਦੀ ਨਿੰਦਾ ਕੀਤੀ। ਉਨ੍ਹਾਂ ਨੇ ਪੀੜਤਾਂ ਅਤੇ ਸਿੱਖ ਭਾਈਚਾਰੇ ਪ੍ਰਤੀ ਆਪਣੀ ਸੰਵੇਦਨਾ ਪ੍ਰਗਟ ਕੀਤੀ।

---------------------------------------------------

Amstelveen ਵਿੱਚ ਮਰਦਾਂ ਦੇ FIH ਹਾਕੀ ਵਿਸ਼ਵ ਕੱਪ ਦੇ ਦੂਜੇ ਗੇੜ ਵਿੱਚ, ਅੱਜ ਭਾਰਤ ਦਾ ਮੁਕਾਬਲਾ ਮੇਜ਼ਬਾਨ ਨੀਦਰਲੈਂਡਜ਼ ਨਾਲ ਹੋਵੇਗਾ। ਇਹ ਮੈਚ ਭਾਰਤੀ ਸਮੇਂ ਅਨੁਸਾਰ ਸ਼ਾਮੀਂ ਸਾਢੇ 7 ਵਜੇ ਸ਼ੁਰੂ ਹੋਵੇਗਾ।

ਪਾਕਿਸਤਾਨ 'ਤੇ 5-3 ਦੀ ਸ਼ਾਨਦਾਰ ਜਿੱਤ ਨਾਲ, ਭਾਰਤ ਨੇ ਪੂਲ D ਵਿੱਚ ਦੂਜਾ ਸਥਾਨ ਹਾਸਿਲ ਕੀਤਾ। ਭਾਰਤ ਹੁਣ ਪੂਲ E ਵਿੱਚ ਇੰਗਲੈਂਡ ਅਤੇ ਪੂਲ ਏ ਦੀਆਂ ਚੋਟੀ ਦੀਆਂ ਦੋ ਟੀਮਾਂ ਵਿੱਚ ਸ਼ਾਮਲ ਹੋ ਜਾਵੇਗਾ। ਪੂਲ E ਦੀਆਂ ਚੋਟੀ ਦੀਆਂ ਦੋ ਟੀਮਾਂ ਸੈਮੀਫਾਈਨਲ ਲਈ ਕੁਆਲੀਫਾਈ ਕਰਨਗੀਆਂ।

---------------------------------------------------

BWF ਵਿਸ਼ਵ ਬੈਡਮਿੰਟਨ ਚੈਂਪੀਅਨਸ਼ਿਪ ਦੇ ਮਹਿਲਾ ਡਬਲਜ਼ ਸੈਮੀਫਾਈਨਲ ਵਿੱਚ, ਅੱਜ ਭਾਰਤ ਦੀ ਤ੍ਰਿਸ਼ਾ ਜੌਲੀ ਅਤੇ ਗਾਇਤਰੀ

ਗੋਪੀਚੰਦ ਦਾ ਮੁਕਾਬਲਾ ਚੋਟੀ ਦਾ ਦਰਜਾ ਪ੍ਰਾਪਤ, ਚੀਨ ਦੀ ਲਿਊ ਸ਼ੇਂਗ ਸ਼ੂ ਅਤੇ ਟੈਨ ਨਿੰਗ ਦੀ ਜੋੜੀ ਨਾਲ ਹੋਵੇਗਾ।

ਤ੍ਰਿਸ਼ਾ ਅਤੇ ਗਾਇਤਰੀ ਨੇ ਕੱਲ੍ਹ ਕੁਆਰਟਰ ਫਾਈਨਲ ਵਿੱਚ, ਚੀਨ ਦੀ ਜੀਆ ਯੀ ਫੈਨ ਅਤੇ ਝਾਂਗ ਸ਼ੂ ਸ਼ਿਆਨ ਨੂੰ 16-21, 21-15, 21-13 ਨਾਲ ਹਰਾਇਆ ਸੀ। ਇਸ ਜਿੱਤ ਨਾਲ, ਤ੍ਰਿਸ਼ਾ ਅਤੇ ਗਾਇਤਰੀ ਨੇ ਭਾਰਤ ਦਾ ਤਮਗਾ ਪੱਕਾ ਕਰ ਲਿਆ ਏ।

---------------------------------------------------------------

ਮੌਸਮ ਵਿਭਾਗ ਨੇ ਅੱਜ ਪੰਜਾਬ, ਹਰਿਆਣਾ, ਚੰਡੀਗੜ੍ਹ, ਦਿੱਲੀ, ਪੂਰਬੀ ਉੱਤਰ ਪ੍ਰਦੇਸ਼, ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ ਅਤੇ ਲੱਦਾਖ ਵਿੱਚ ਭਾਰੀ ਮੀਂਹ ਪੈਣ ਦੀ ਸੰਭਾਵਨਾ ਜਤਾਈ ਏ।

ਮੱਧ ਪ੍ਰਦੇਸ਼ ਵਿੱਚ ਮੌਨਸੂਨ ਸਰਗਰਮ ਏ ਅਤੇ ਕਈ ਜ਼ਿਲ੍ਹਿਆਂ ਵਿੱਚ ਲਗਾਤਾਰ ਭਾਰੀ ਬਾਰਿਸ਼ ਹੋ ਰਹੀ ਏ।

ਇਸ ਦੌਰਾਨ, ਓਡੀਸ਼ਾ ਵਿੱਚ ਹੜ੍ਹਾਂ ਦੀ ਸਥਿਤੀ ਵਿੱਚ ਸੁਧਾਰ ਹੋਇਆ ਏ, ਪਰ ਉੱਤਰੀ ਅਤੇ ਤੱਟਵਰਤੀ ਓਡੀਸ਼ਾ ਦੇ ਬਹੁਤ ਸਾਰੇ ਇਲਾਕਿਆਂ ਵਿੱਚ ਅਜੇ ਵੀ ਪਾਣੀ ਭਰਿਆ ਹੋਇਆ ਏ।

---------------------------------------------------------------

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਏ ਕਿ, ਵਿਸ਼ਵ ਪੱਧਰ 'ਤੇ ਦੇਸ਼ਾਂ ਵਿਚਕਾਰ ਅਵਿਸ਼ਵਾਸ ਤੇ ਨਵੀਆਂ ਚੁਣੌਤੀਆਂ ਦੇ ਬਾਵਜੂਦ, ਭਾਰਤ ਨੂੰ ਵਿਕਾਸ ਤੇ ਉਮੀਦ ਦੀ ਇੱਕ ਵੱਡੀ ਕਿਰਨ ਵਜੋਂ ਦੇਖਿਆ ਜਾ ਰਿਹਾ ਏ।

- ਸਰਕਾਰ ਨੇ ਅੱਜ ਚਾਰ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਕਲੋਰਫੇਨਿਰਾਮਾਈਨ ਮੈਲੇਟ ਅਤੇ Phenyle-phrine Hydro-chloride ਕੰਬੀਨੇਸ਼ਨਾਂ ਵਾਲੀਆਂ ਦਵਾਈਆਂ ਦੇ ਨਿਰਮਾਣ, ਵਿਕਰੀ ਅਤੇ ਵੰਡ 'ਤੇ ਪਾਬੰਦੀ ਲਗਾ ਦਿੱਤੀ ਏ।

- ਭਾਰਤ ਨੇ 22 ਭਾਰਤੀ ਨਾਗਰਿਕਾਂ ਨੂੰ ਲੈ ਕੇ ਜਾ ਰਹੇ ਦੋ ਵਪਾਰਕ ਜਹਾਜ਼ਾਂ ਦੇ ਅਗਵਾ ਹੋਣ ਦਾ ਮੁੱਦਾ ਸੋਮਾਲੀਆ ਦੇ ਅਧਿਕਾਰੀਆਂ ਨਾਲ ਉਠਾਇਆ ਏ।

- ਭਾਰਤ ਅਤੇ ਬਰਤਾਨੀਆ ਨੇ ਦੋਵਾਂ ਦੇਸ਼ਾਂ ਦੀਆਂ ਫੌਜਾਂ ਦਰਮਿਆਨ ਸਹਿਯੋਗ ਵਧਾਉਣ 'ਤੇ ਸਹਿਮਤੀ ਜਤਾਈ ਏ।

- Amstelveen ਵਿੱਚ ਮਰਦਾਂ ਦੇ FIH ਹਾਕੀ ਵਿਸ਼ਵ ਕੱਪ ਦੇ ਦੂਜੇ ਗੇੜ ਵਿੱਚ, ਅੱਜ ਭਾਰਤ ਦਾ ਮੁਕਾਬਲਾ ਮੇਜ਼ਬਾਨ ਨੀਦਰਲੈਂਡਜ਼ ਨਾਲ ਹੋਵੇਗਾ।

---------------------------------------------------------------

**ਇਸਦੇ ਨਾਲ ਹੀ ਸਾਡਾ ਇਹ ਬੁਲੇਟਿਨ ਖਤਮ ਹੁੰਦਾ ਏ, ਸਾਡਾ ਅਗਲਾ ਪ੍ਰਾਦੇਸ਼ਿਕ ਖਬਰਾਂ ਦਾ ਬੁਲੇਟਿਨ ਸ਼ਾਮ 6 ਵਜ ਕੇ 20 ਮਿੰਟ 'ਤੇ ਹੋਏਗਾ. ਨਮਸਕਾਰ!**